# ਰਾਜਾ ਸਗਲੀ ਸ੍ਰਿਸਟਿ ਕਾ

**ਪਉੜੀ ॥**
**ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥**
**ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥**

ਇਹ ਜੈਤਸਰੀ ਕੀ ਵਾਰ ਮਹਲਾ ੫ ਦੀ ਸਤਵੀਂ ਪਉੜੀ ਹੈ, ਜੋ ਸ੍ਰੀ ਗੁਰੂ ਅਰਜਨ ਸਾਹਿਬ ਨੇ ਉਚਾਰਣ ਕੀਤੀ ਹੈ। ਇਸ ਵਿਚ ਪਾਤਸ਼ਾਹ ਨੇ, ਇਕ ਸਚੇ ਭਗਤ ਦੀ ਅਵੱਸਥਾ ਬਿਆਨ ਕੀਤੀ ਹੈ ਜੋ ਮਾਣ ਹੁੰਦੇ ਹੋਏ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ ਦਿਸਦਾ ਹੈ, ਦੇਖਣ ਨੂੰ ਉਸ ਕੋਲ ਭਾਵੇਂ ਕੁਝ ਵੀ ਨਾ ਹੋਵੇ ਪਰ ਫ਼ਿਰ ਵੀ ਉਹ ਦਾਤਾਂ ਵੰਡਣ ਵਾਲਾ ਹੁੰਦਾ ਹੈ ਅਤੇ ਵੰਡਦਾ ਰਹਿੰਦਾ ਹੈ। ਸੇਖ ਫਰੀਦ ਜੀ ਨੇ ਇਹ ਅਵੱਸਥਾ, ਪੰਨਾ ੧੩੮੪ ਤੇ, ਆਪਣੇ ਲਫਜ਼ਾਂ ਵਿਚ ਇਉਂ ਬਿਆਨ ਕੀਤੀ ਹੈ - 'ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥ ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥'

-- ਵਾਹਗੁਰੂ ਦਾ ਜਨ, ਭਗਤ ਭਾਵੇਂ ਟੁਟੀ ਝੋਪੜੀ ਵਿਚ ਵਸਦਾ ਜਾਂ ਰਹਿੰਦਾ ਹੋਵੇ ਅਤੇ ਉਸਦੇ ਕਪੜੇ ਭਾਵੇਂ ਪਾਟੇ ਹੋਏ ਹੁੰਦੇ ਹੋਣ

ਕੋਈ ਵਡੀ ਗਲ ਨਹੀਂ ਕਿ ਵੇਖਣ ਨੂੰ, ਜਿਨ੍ਹਾਂ ਕੋਲ ਤਨ ਢਕਣ ਲਈ ਪਾਟਾ ਕਪੜਾ ਵੀ ਨਾ ਹੋਵੇ, ਉਹ ਗੁਣਾਂ ਦੇ ਖਜ਼ਾਨੇ, ਪ੍ਰਭੂ ਨੂੰ ਪ੍ਰਾਪਤ ਹੋਣ ਕਰਕੇ, ਵਡੇ ਧਨਾਢ ਹੋਣ, ਪ੍ਰਭੂ ਦੇ ਅਤੁੱਟ ਖ਼ਜ਼ਾਨੇ ਦੇ ਮਾਲਕ ਹੋਣ ਅਤੇ ਉਸ ਵਿਚੋਂ ਜੋ ਮਰਜ਼ੀ ਜਿੰਨਾ ਮਰਜ਼ੀ ਵੰਡੀ ਜਾਣ। ਪੰਚਮ ਪਾਤਸ਼ਾਹ, ੫੦੮ ਪੰਨੇ ਤੇ, ਫ਼ੁਰਮਾਣ ਕਰਦੇ ਹਨ - 'ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ॥' ਭਗਤ ਰਵਿਦਾਸ ਜੀ, ਨਾਮਦੇਵ ਜੀ ਅਤੇ ਹੋਰ ਇਤਿਹਾਸਕ ਮਿਸਾਲਾਂ ਹਨ। ਅਜੋਕੇ ਸਮੇਂ ਵਿਚ ਵੀ ਅਜਿਹੇ ਭਗਤ ਮਿਲ ਸਕਦੇ ਹਨ। ਦੁਨੀਆਂ ਭਗਤਾਂ ਤੋਂ ਕਦੇ ਖ਼ਾਲੀ ਨਹੀਂ ਹੁੰਦੀ।

ਹੁਣ ਤਕ ਦੀ, ਸਭ ਤੋਂ ਲੰਮੀ ਉਮਰ, ਰਿਖੀ ਮਾਰਕੰਡੇਇ ਦੀ ਮੰਨੀ ਗਈ ਹੈ। ਰਿਖੀਵਰ ਨੂੰ ਕਈ ਹੋਰਾਂ ਨੇ, ਰਹਿਣ ਲਈ, ਕੋਈ ਚਜ ਦੀ ਛੰਨ, ਜਾਂ ਝੁਗੀ ਪਾ ਲੈਣ ਦੀ, ਕਈ ਵੇਰ ਸਲਾਹ ਦਿਤੀ। ਪਰ ਉਨ੍ਹਾਂ ਦਾ ਇਹੀ ਜੁਆਬ ਹੁੰਦਾ ਸੀ ਕਿ ਇਥੇ, ਮਾਤਲੋਕ ਵਿਚ ਕਿਹੜਾ ਸਦਾ ਲਈ ਰਹਿਣਾ ਹੈ। ਉਹ ਕੱਖਾਂ ਦਾ ਪੂਲਾ ਆਪਣੇ ਕੋਲ ਰਖਦੇ ਸਨ। ਲੋੜ ਪੈਣ ਤੇ ਉਸ ਨੂੰ ਆਪਣੇ ਸਿਰ ਤੇ ਧਰ ਲੈਂਦੇ ਸਨ। ਭਗਤ ਨਾਮਦੇਵ ਜੀ ਨੇ, ਪੰਨਾ ੬੯੨ ਤੇ, ਇਸ ਤਥ ਦਾ ਹਵਾਲਾ ਦਿਤਾ ਹੈ - 'ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥' ਚਜ ਦਾ ਨਿਵਾਸ ਅਸਥਾਨ ਨਾ ਹੋਣ ਕਰਕੇ ਰਿਖੀਵਰ ਦੀ ਮਹਾਨਤਾ ਕੋਈ ਘਟ ਨਹੀਂ ਗਈ। ਸਨ ਤਾਂ ਉਹ ਸ੍ਰਿਸ਼ਟੀ ਦੇ ਮਾਲਕ ਦੇ ਨਾਲ ਹੀ ਅਤੇ ਰਾਜੇ ਵੀ ਉਨ੍ਹਾਂ ਅਗੇ ਬੇਨਤੀ ਕਰਨ ਹਿਤ ਹਥ ਜੋੜਦੇ ਅਤੇ ਝੁਕਦੇ ਸਨ।

ਵਾਹਗੁਰੂ ਅਤੇ ਉਸਦੇ ਭਗਤਾਂ ਦੇ ਇਕੋ ਵਰਗੇ ਹੀ ਕੰਮ ਹੁੰਦੇ ਹਨ - 'ਸੰਤ ਗੋਬਿੰਦ ਕੈ ਏਕੈ ਕਾਮ॥', ਪੰਨਾ ੮੬੭. ਵਾਹਗੁਰੂ ਅਤੇ ਉਸਦੇ ਸੰਤ ਤਾਂ, ਹਰ ਥਾਂ ਵਸਦੇ ਹਨ, ਹਰ ਸਰੀਰ ਵਿਚ ਵਸਦੇ ਹਨ, ਜਲ ਥਲ ਵਿਚ ਵਸਦੇ ਹਨ, ਲੋੜ ਤਾਂ ਹੈ ਉਨ੍ਹਾਂ ਦੇ ਦਰਸ਼ਨਾਂ ਦੀ ਤਾਂਘ ਦੀ। ਸ੍ਰੀ ਗੁਰੂ ਰਾਮਦਾਸ ਸਾਹਿਬ ਫ਼ੁਰਮਾਣ ਕਰਦੇ ਹਨ - 'ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਉ॥', ਪੰਨਾ ੧੨੦੧

-- ਵਾਹਗੁਰੂ ਦੇ ਭਗਤ ਦੀ ਭਾਵੇਂ ਜਾਤਿ ਵੀ ਨੀਵੀਂ ਹੋਵੇ ਤੇ ਸਮਾਜ ਵਿਚ ਕੋਈ

ਸਤਿਕਾਰ ਮਾਣ ਵੀ ਨਾ ਹੋਵੇ, ਨਾ ਹੀ ਰਹਿਣ ਨੂੰ ਕੋਈ ਘਰ ਘਾਟ ਹੀ ਹੋਵੇ ਤੇ ਸੁੰਞੀਆਂ ਥਾਵਾਂ ਤੇ ਹੀ ਭਟਕਦਾ ਫਿਰਦਾ ਹੋਵੇ, ਭਾਵ, ਉਸਦਾ ਕੋਈ social circle ਵੀ ਨਾ ਹੋਵੇ।

ਸ੍ਰੀ ਗੁਰੂ ਹਰਿਰਾਇ ਪਾਤਸ਼ਾਹ ਦਾ ਵਰੋਸਾਇਆ ਹੋਇਆ, ਸਰਮੱਦ, ਇਕ ਅਜਿਹਾ ਹੀ ਫ਼ਕੀਰ ਸੀ, ਜਿਸ ਨੂੰ, ਔਰੰਗਜ਼ੇਬ ਨੇ, ਆਪਣੀ ਹਉਮੈ ਕਰ ਕੇ ਜੇਲ੍ਹ ਵਿਚ ਸੁਟਿਆ ਹੋਇਆ ਸੀ। ਉਹ ਅਜਿਹੀਆਂ ਗੁਪਤ ਫੌਜਾਂ ਦਾ ਸਰਦਾਰ ਸੀ ਜੋ ਉਨ੍ਹਾਂ ਦੇ ਇਕ ਇਸ਼ਾਰੇ ਤੇ, ਲਾਹੌਰ ਅਤੇ ਦਿਲੀ ਨੂੰ ਆਪੋ ਵਿਚ ਟਕਰਾ ਦਿੰਦੇ। ਪਰ ਉਸ ਕੋਲ, ਨਾ ਤਨ ਤੇ ਕਪੜਾ ਸੀ ਅਤੇ ਖਾਣ ਨੂੰ ਕੁਝ ਸੀ। ਸਾਰੇ ਦਿਨ ਵਿਚ ਇਕ ਰੋਟੀ ਤੇ ਇਕ ਡਲੀ ਲੂਣ ਮਿਲਦੇ ਸਨ। ਇਜ਼ਤ ਤਾਂ ਇਹੋ ਜਿਹੀ ਸੀ ਕਿ ਰੋਜ਼ ਉਨ੍ਹਾਂ ਨੂੰ ਸੌ ਕੋੜੇ ਮਾਰੇ ਜਾਂਦੇ ਸਨ। ਇਹੋ ਜਿਹੇ ਹੁੰਦੇ ਹਨ ਮਹਾਤਮਾ, ਜੋ ਇਤਨਾ ਤਾਣ ਹੁੰਦੇ ਹੋਏ ਵੀ ਰੱਬੀ ਤਾਕਤ ਨੂੰ ਜਜ਼ਬ ਕਰੀ ਰਖਦੇ ਸਨ। ਇਹ ਹੈ, ਮਾਣ ਹੁੰਦੇ ਹੋਏ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ, ਸਾਰੀ ਤਾਕਤ ਹੁੰਦਿਆਂ ਹੋਇਆਂ, ਉਸ ਨੂੰ ਜਜ਼ਬ ਕਰੀ ਰਖਣਾ।

ਜਿਥੋਂ ਤਕ ਜਾਤ ਦਾ ਸੁਆਲ ਹੈ, ਭਗਤ ਜਨਾਂ ਦਾ ਨਜ਼ੱਰੀਆ ਇਹ ਹੁੰਦਾ ਹੈ ਕਿ ਅਸਲ ਜਾਤ ਤਾਂ ਬੰਦਗੀ ਤੇ ਅਧਾਰਤ ਹੁੰਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ - 'ਹਮਰੀ ਜਾਤਿ ਪਤਿ ਸਚ ਨਾਉ॥', ਅੰਕ ੩੫੩. ਨੀਵੀਂ ਜਾਤ ਤਾਂ ਉਸਦੀ ਹੁੰਦੀ ਹੈ ਜੋ ਨਾਮ ਨਹੀਂ ਜਪਦਾ ਅਤੇ ਖਸਮ ਪ੍ਰਭੂ ਨੂੰ ਵਿਸਾਰ ਦਿੰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੧੦ ਤੇ, ਫ਼ੁਰਮਾਣ ਹੈ - 'ਖਸਮੁ ਵਿਸਾਰਹਿ ਤੇ ਕਮਜਾਤਿ॥' ਭਗਤ ਭਾਵੇਂ, ਨੀਚ ਜਾਤ ਵਿਚ ਜਨਮ ਲਵੇ ਤੇ ਭਾਵੇਂ ਸਾਰੀ ਉਮਰ, ਉਦਿਆਨ, ਭਾਵ, ਉਜਾੜ ਅਸਥਾਨਾਂ ਤੇ ਭਟਕਦਾ ਫਿਰੇ। ਉਹ ਮਾਲਕ ਪ੍ਰਭੂ ਤਾਂ ਘਰ ਵਿਚ ਵੀ ਮਿਲ ਪੈਂਦਾ ਹੈ ਤੇ ਉਜਾੜ ਵਿਚ ਵੀ। ਪੰਜਵੇਂ ਪਾਤਸ਼ਾਹ, ਪੰਨਾ ੨੧੫ ਤੇ, ਫ਼ੁਰਮਾਣ ਕਰਦੇ ਹਨ ਕਿ ਭਗਤ ਨੂੰ, ਨਾ ਆਏ ਧਨ ਦੀ ਖੁਸ਼ੀ ਹੁੰਦੀ ਹੈ ਅਤੇ ਨਾ ਆਈ ਆਪਦਾ ਦਾ ਦੁਖ, ਮਾਲਕ ਤਾਂ ਸਦਾ ਉਨ੍ਹਾਂ ਦੇ ਹੀ ਨਾਲ ਹੁੰਦਾ ਹੈ। ਉਹ ਸਰੀਰ ਕਰ ਕੇ ਭਾਵੇਂ ਭਟਕਦੇ ਫ਼ਿਰਣ ਪਰ ਸੁਆਮੀ ਉਨ੍ਹਾਂ ਵਿਚ ਭਰਪੂਰ ਹੁੰਦਾ ਹੈ - 'ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ॥ ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ॥ ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ॥'

ਅਸਲ ਭਿਆਨਕ ਉਜਾੜ ਤਾਂ ਉਨ੍ਹਾਂ ਲਈ ਹੀ ਹੈ ਜੋ ਵਾਹਗੁਰੂ ਦੀ ਸਿਫ਼ਤ ਸਲਾਹ ਨਹੀਂ ਕਰਦੇ ਸੁਣਦੇ। ਜਿਥੇ ਸਾਧ ਜਨ, ਵਾਹਗੁਰੂ ਦੀ ਸਿਫ਼ਤ ਸਲਾਹ ਕਰਦੇ ਹਨ ਉਥੇ ਤਾਂ ਸੰਘਣੀ ਖੁਸ਼ਬੋ ਤੇ ਫ਼ਲਾਂ ਦਾ ਬਾਗ਼ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੧੨੦੪ ਤੇ, ਫ਼ੁਰਮਾਣ ਹੈ - 'ਜਹਾਂ ਸ੍ਰਵਨ ਹਰਿ ਕਥਾ ਨ ਸੁਨੀਐ ਤਹ ਮਹਾ ਭਇਆਨ ਉਦਿਆਨਦ॥ ਜਹਾ ਕੀਰਤਨੁ ਸਾਧ ਸੰਗਤਿ ਰਸੁ ਤਹ ਸਘਨ ਬਾਸ ਫਲਾਂਨਦ॥' ਭਗਤ ਨਾਮਦੇਵ ਜੀ ਨੇ, ਪੰਨਾ ੩੩੮ ਤੇ ਬਿਆਨ ਕੀਤਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਦੇ ਗਾਈਆਂ ਚਾਰਣ ਕਰਕੇ ਬਿੰਦਰਾਬਨ, ਮਨ ਨੂੰ ਮੋਹ ਲੈਣ ਵਾਲਾ ਸੁੰਦਰ ਬਾਗ਼ ਬਣ ਗਿਆ - 'ਬਿੰਦਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ॥'

**ਮਿਤ੍ਰੁ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ॥**
**ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥**

-- ਭਾਵੇਂ ਭਗਤ ਜਨ ਦਾ ਕੋਈ ਵੀ ਮਿਤਰ ਨਾ ਹੋਵੇ, ਕੋਈ ਪਿਆਰ ਕਰਨ ਵਾਲਾ ਨਾ ਹੋਵੇ, ਉਸ ਕੋਲ ਦੁਨਿਆਵੀ ਧਨ-ਦੌਲਤ ਵੀ ਨਾ ਹੋਵੇ, ਸੋਹਣਾ ਵੀ ਨਾ ਹੋਵੇ, ਕੋਝਾ ਹੋਵੇ, ਕੋਈ ਸਾਕ ਸਬੰਧੀ, ਰਿਸ਼ਤੇਦਾਰ ਆਦਿ ਵੀ ਨਾ ਹੋਵੇ,

ਪੰਚਮ ਪਾਤਸ਼ਾਹ ਅਨੁਸਾਰ ਭਗਤ ਦਾ ਤਾਂ ਅਸਲ ਇਠ, ਭਾਵ, ਪਿਆਰਾ, ਵਾਹਗੁਰੂ ਹੀ ਹੁੰਦਾ ਹੈ, ਜਿਸ ਨੂੰ ਉਹ ਹਰ ਵੇਲੇ ਯਾਦ ਰਖਦਾ ਹੈ, ਧਿਆਉਂਦਾ ਹੈ ਅਤੇ ਇਸੇ ਕਾਰਨ ਉਸ ਦੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ - 'ਹਰਿ ਇਠੈ ਨਿਤ ਧਿਆਇਦਾ॥ ਮਨਿ ਚਿੰਦੀ ਸੋ ਫਲੁ ਪਾਇਦਾ॥', ਪੰਨਾ ੭੩. ਉਹ ਗੋਸਾਂਈ ਹੀ ਉਨ੍ਹਾਂ ਦਾ ਇਠ, ਪਿਆਰਾ ਹੁੰਦਾ ਹੈ, ਉਹ ਮਾਂ ਪਿਉ ਤੋਂ ਵੀ ਮਿਠਾ ਹੈ। ਉਸ ਵਰਗਾ ਤਾਂ ਕੋਈ ਭੈਣ, ਭਰਾ, ਸਜਣ ਨਹੀਂ - 'ਗੋਸਾਈ ਮਿਹੰਡਾ ਇਠੜਾ॥ ਅੰਮ ਅਬੇ ਥਾਵਹੁ  ਮਿਠੜਾ॥ ਭੈਣ ਭਾਈ ਸਭਿ ਸਜਣਾ  ਤੁਧੁ ਜੇਹਾ ਨਾਹੀ ਕੋਇ ਜੀਉ॥', ਪੰਨਾ ੭੩. ਸ੍ਰੀ ਗੁਰੂ ਨਾਨਕ ਸਾਹਿਬ ਤਾਂ ਫ਼ੁਰਮਾਣ ਕਰਦੇ ਹਨ ਕਿ ਵਾਹਗੁਰੂ ਮਿਹਰ ਕਰੇ ਤਾਂ ਨਾਮ ਦੀ ਪ੍ਰਾਪਤੀ ਹੁੰਦੀ ਹੈ, ਉਸ ਤੋਂ ਵਧੀਆ ਹੋਰ ਕੋਈ ਸਾਕ ਨਹੀਂ। ਨਾ ਕੋਈ ਭੈਣ, ਨਾ ਭਰਜਾਈ, ਨਾ ਸੱਸ। ਗੁਰੂ, ਹੀ ਸਤਿਸੰਗਣ ਸਖੀਆਂ ਨਾਲ ਮੇਲ ਕਰਾ ਦਿੰਦਾ ਹੈ, ਇਹੀ ਸਚਾ ਸਾਕ ਹੈ - 'ਨਦਰਿ ਕਰੇ ਸਚੁ ਪਾਈਐ  ਬਿਨੁ ਨਾਵੈ ਕਿਆ ਸਾਕੁ॥', ਪੰਨਾ ੫੫, ਅਤੇ - 'ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ॥ ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ॥', ਪੰਨਾ ੧੦੧੫. ਦੁਨੀਆਂ ਤੇ ਮਾਇਆ ਅਨੇਕ ਤਰ੍ਹਾਂ ਦਾ ਅਸਰ ਰਖਦੀ ਹੈ ਪਰ ਮਹਾਤਮਾ ਇਸਦੇ ਅਸਰ ਹੇਠ ਨਹੀਂ ਆਉਂਦੇ। ਸਾਧੂ ਕੋਲ ਮਾਇਆ ਹੋਵੇ ਜਾਂ ਨਾਂ। ਉਹ ਤਾਂ ਪ੍ਰਭੂ ਦੇ ਓਟ ਆਸਰੇ ਜਿਉਂਦਾ ਹੈ - 'ਮਾਇਆ ਬਿਆਪਤ  ਬਹੁ ਪਰਕਾਰੀ॥ ਸੰਤ ਜੀਵਹਿ  ਪ੍ਰਭ ਓਟ ਤੁਮਾਰੀ॥' ਮ. ੫ ਪੰਨਾ ੧੮੨

-- ਉਪਰ ਸਭ ਕੁਝ ਬਿਆਨ ਕੀਤੀ ਗ਼ਰੀਬੀ ਦੇ ਬਾਵਜੂਦ, ਜਿਸ  ਦਾ  ਹਿਰਦਾ ਵਾਹਗੁਰੂ ਦੇ  ਨਾਮ  ਨਾਲ  ਭਰਪੂਰ ਹੁੰਦਾ ਹੈ, ਉਹ ਹੀ ਅਸਲ ਵਿਚ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ, ਕਿਉਂਕਿ ਉਹ ਕਰਤਾ ਹੁੰਦਾ ਹੈ ਅਤੇ ਵਾਹਗੁਰੂ ਦੀ ਸ੍ਰਿਸ਼ਟੀ ਤੇ ਰਾਜ ਕਰਨ ਵਾਲੀ ਟੀਮ, Aristocracy ਦਾ ਮੈਂਬਰ ਹੁੰਦਾ ਹੈ, ਤੇ ਸ੍ਰਿਸ਼ਟੀ ਉਸਦੇ ਬਣਾਏ ਨੇਮ ਵਿਚ ਚਲਦੀ ਹੈ। ਹਰੀ ਅਤੇ ਉਸਦੇ ਭਗਤ ਹੀ ਸ੍ਰਿਸ਼ਟੀ ਦਾ ਰਾਜ ਚਲਾਉਂਦੇ ਹਨ, ਬਾਕੀ ਦਿਸਣ ਵਾਲੇ ਰਾਜੇ ਤਾਂ ਚਾਰ ਦਿਨ ਲਈ ਹੁੰਦੇ ਹਨ ਅਤੇ ਕੂੜੇ ਦਿਖਾਵੇ ਕਰਦੇ ਹਨ। ਭਗਤ ਕਬੀਰ ਜੀ, ਪੰਨਾ ੮੫੬ ਤੇ, ਫ਼ੁਰਮਾਣ ਕਰਦੇ ਹਨ - 'ਕੋਊ ਹਰਿ ਸਮਾਨਿ ਨਹੀਂ ਰਾਜਾ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥' ਭਗਤ ਕਬੀਰ ਜੀ ਨੇ, ਪੰਨਾ ੯੬੯ ਤੇ, ਸਪੱਸ਼ਟ ਸ਼ਬਦਾਂ ਵਿਚ ਦਸ ਦਿਤਾ ਸੀ ਕਿ ਵਾਹਗੁਰੂ ਨੇ ਉਨ੍ਹਾਂ ਨੂੰ ਕੋਤਵਾਲੀ ਸੌਂਪੀ ਹੋਈ ਹੈ, ਜਿਸ ਕਰਕੇ ਉਨ੍ਹਾਂ ਕੋਲ ਸੰਤਾਂ ਦੀ ਰਖਿਆ ਤੇ ਦੁਸ਼ਟਾਂ ਨੂੰ ਦੰਡ ਦੇਣ ਦਾ ਅਖ਼ਤਿਆਰ ਹੈ - 'ਸੰਤਾ ਮਾਨਉ  ਦੂਤਾ ਡਾਨਉ ਇਹ ਕੁਟਵਾਰੀ ਮੇਰੀ॥'

### ਤਿਸ ਕੀ ਧੂੜਿ ਮਨੁ ਉਧਰੈ  ਪ੍ਰਭੁ ਹੋਇ ਸੁਪ੍ਰਸੰਨਾ॥੭॥

**-- ਅਜਿਹੇ ਉਪਰ ਵਰਣਤ ਮਨੁਖ, ਭਗਤ, ਦੇ  ਚਰਨਾਂ  ਦੀ  ਧੂੜ, ਲੈਣ ਨਾਲ ਜੀਵ  ਉਤੇ ਵਾਹਗੁਰੂ ਖੁਸ਼ ਹੁੰਦਾ ਹੈ ਤੇ ਉਸ ਦੇ ਹੀ ਚਰਨਾਂ ਦੀ ਧੂੜ ਨਾਲ ਹੀ ਜੀਵ ਦਾ ਇਸ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ।**

**ਸ੍ਰੀ ਗੁਰੂ ਨਾਨਕ ਸਾਹਿਬ ਸਪੱਸ਼ਟ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਮਨੁਖਾਂ ਦੇ ਚੋਲੇ ਸਰੀਰ, ਪ੍ਰਭੂ ਦੇ ਪ੍ਰੇਮ, ਨਾਮ ਰੰਗ ਨਾਲ ਰੰਗੇ ਹੋਏ ਹਨ, ਪ੍ਰਭੂ ਪਤੀ ਉਨ੍ਹਾਂ ਨਾਲ ਹੀ ਵਸਦਾ ਹੈ। ਜੇ ਅਜਿਹੇ ਰੰਗੇ ਹੋਇਆਂ ਦੇ ਚਰਨਾਂ ਦੀ ਧੂੜ ਮਿਲ ਜਾਏ ਤਾਂ ਸ਼ੁਕਰ ਮਨਾਈਏ ਅਤੇ ਉਨ੍ਹਾਂ ਦੇ ਚਰਨਾਂ ਦੀ ਧੂੜ ਦੀ ਪਰਾਪਤੀ ਲਈ ਅਰਦਾਸ ਵੀ ਕਰੀਏ, ਜੋਦੜੀ ਕਰੀਏ - 'ਜਿਨ ਕੇ ਚੋਲੇ ਰਤੜੇ ਪਿਆਰੇ  ਕੰਤੁ ਤਿਨਾ ਕੈ ਪਾਸਿ॥ ਧੂੜਿ ਤਿਨਾ ਕੀ ਜੇ ਮਿਲੈ  ਜੀ ਕਹੁ  ਨਾਨਕ ਕੀ**

**ਅਰਦਾਸਿ॥**', ਪੰਨਾ ੭੨੨.

ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਜੋ ਮਨੁਖ ਸੰਤ ਜਨਾਂ ਦੀ ਧੂੜ ਨਿਤ ਲੋਚਦੇ ਹਨ, ਉਨ੍ਹਾਂ ਤੇ ਮਾਲਕ ਗੁਰੂ ਪ੍ਰਸੰਨ ਹੋ ਜਾਂਦਾ ਹੈ ਉਨ੍ਹਾਂ ਨੂੰ ਹੀ ਸਚੇ ਨਾਮ ਦਾ ਗਹਿਣਾ ਪ੍ਰਾਪਤ ਹੁੰਦਾ ਹੈ - '**ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ** ਨਾਮੁ ਸਚੇ ਕਾ ਗਹਣਾ॥', ਪੰਨਾ ੧੦੯. ਫ਼ਿਰ ੭੪੯ ਪੰਨੇ ਤੇ ਫ਼ੁਰਮਾਣ ਕਰਦੇ ਹਨ 'ਹੇ ਮੇਰੇ ਵਾਹਗੁਰੂ ! ਮੈਂ ਤੇਰੇ ਜਨਾਂ ਤੋਂ ਆਪਣੇ ਆਪ ਨੂੰ ਕੁਰਬਾਨ ਕਰਦਾ ਹਾਂ, ਆਪਣੇ ਕੇਸਾਂ ਨਾਲ ਉਨ੍ਹਾਂ ਤੇ ਚੌਰ ਕਰਦਾ ਹਾਂ ਅਤੇ ਉਨ੍ਹਾਂ ਦੇ ਚਰਣਾਂ ਦੀ ਧੂੜ ਲੈ ਕੇ ਆਪਣੇ ਮੁਖ ਤੇ ਲਗਾਉਂਦਾ ਹਾਂ' - 'ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥ ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ॥' ਮਾਝ ਰਾਗ ਦੇ ਬਾਰਹ ਮਾਹ ਵਿਚ ਇੰਞ ਫ਼ੁਰਮਾਣ ਕਰਦੇ ਹਨ - 'ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥' ਪਾਤਸ਼ਾਹ, ਪ੍ਰਭੂ/ਗੁਰੂ ਦੇ ਭਗਤ ਜਨਾਂ ਦੀ ਸਿਫ਼ਤ ਕਰਦੇ ਹਨ ਕਿ ਪ੍ਰਭੂ/ਗੁਰੂ ਦੇ ਦਾਸ, ਭਗਤ ਉਸ ਦੇ ਪ੍ਰੇਮ, ਨਾਮ ਰੰਗ ਵਿਚ ਰੰਗੇ ਰਹਿੰਦੇ ਹਨ। **ਜਿਹੜੇ ਉਸ ਦੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ ਉਹ ਪ੍ਰਭੂ ਵਰਗੇ ਹੀ ਹੁੰਦੇ ਹਨ** ਅਤੇ ਲਭਿਆਂ ਕੋਈ ਵਿਰਲੇ ਹੀ ਲਭਦੇ ਹਨ। ਅਜਿਹੇ ਜਨਾਂ ਦੇ ਚਰਨਾਂ ਦੀ ਧੂੜ, ਗੁਰੂ ਸਾਹਿਬ ਦਾ ਮਨ ਮੰਗਦਾ ਹੈ, **ਜਿਨ੍ਹਾਂ ਨੂੰ ਵਾਹਗੁਰੂ ਕਦੇ ਨਹੀਂ ਭੁਲਦਾ। ਇਨ੍ਹਾਂ ਦੀ ਸੰਗਤਿ ਕਰਨ ਨਾਲ ਹੀ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ** ਅਤੇ ਪ੍ਰਭੂ ਸਦਾ ਲਈ ਸਾਥੀ ਬਣ ਜਾਂਦਾ ਹੈ - 'ਰੰਗਿ ਰਤੇ ਤੇਰੈ ਦਾਸ ਅਪਾਰੇ॥ **ਤੇਰੈ ਰੰਗਿ ਰਤੇ ਤੁਧੁ ਜੇਹੇ** ਵਿਰਲੇ ਕੇਈ ਭਾਲਕਾ॥ ਤਿਨ ਕੀ ਧੂੜਿ ਮਾਂਗੈ ਮਨੁ ਮੇਰਾ॥ ਜਿਨ ਵਿਸਰਹਿ ਨਾਹੀ ਕਾਹੂ ਬੇਰਾ॥ ਤਿਨ ਕੈ ਸੰਗਿ ਪਰਮ ਪਦੁ ਪਾਈ ਸਦਾ ਸੰਗੀ ਹਰਿ ਨਾਲਕਾ॥', ਪੰਨਾ ੧੦੮੫.

